# ਗੁਰु गोबिंद सिंह

ਧੰਨ ਧੰਨ, ਗੁਰੂ ਗੋਬਿੰਦ ਸਿੰਘ, ਤੇਰੀ ਮਹਿਮਾ ਅਪਰ ਅਪਾਰ,
ਦੇਸ਼ ਕੌਮ ਤੋਂ, ਹੱਸਦੇ ਹੱਸਦੇ, ਵਾਰ ਦਿੱਤਾ ਪਰਿਵਾਰ,
ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ॥

ਗੁਰੂ ਗੋਬਿੰਦ ਸਿੰਘ, ਵਰਗਾ ਕੋਈ ਨਾ, ਬਲੀਦਾਨ ਦਾ ਦਾਤਾ ॥
ਦਿੱਲੀ ਦੇ ਵਿੱਚ, ਪਿਤਾ ਗਵਾਇਆ, ਠੰਡੇ ਬੁਰਜ਼ ਵਿੱਚ ਮਾਤਾ*,
ਵੱਡੇ ਪੁੱਤਰ, ਚਮਕੌਰ 'ਚ ਵਾਰੇ, ਛੋਟੇ ਵਿੱਚ ਦੀਵਾਰ,,,
ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ॥

ਗਿੱਦੜਾਂ ਤੋਂ ਓਹਨੇ, ਸ਼ੇਰ ਬਣਾ ਕੇ, ਚਿੜੀਆਂ ਤੋਂ ਬਾਜ਼ ਤੁੜਾਏ ॥
ਇਕੱਲੇ ਇਕੱਲੇ, ਸਿੰਘ ਓਸ ਨੇ, ਲੱਖਾਂ ਨਾਲ ਲੜਾਏ*,
ਪਾਣੀ ਪਾਣੀ, ਹੋ ਗਈ ਡਰ ਕੇ, ਜ਼ਾਲਮ ਦੀ ਤਲਵਾਰ,,,
ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ॥

ਇਹ ਭਾਰਤ ਦੀ, ਧਰਤੀ ਉਸਦੇ, ਗੀਤ ਰਹੇਗੀ ਗਾਉਂਦੀ ॥
ਹਸ਼ਰ ਤੀਕ, ਸਰਹਿੰਦ ਅਤੇ, ਚਮਕੌਰ ਨੂੰ ਸੀਸ ਨਿਵਾਉਂਦੀ*,
ਪੰਥ ਖਾਲਸੇ, ਦੀ ਹੈ ਸਫ਼ਰੀ, ਜੱਗ ਵਿੱਚ ਜੈ ਜੈਕਾਰ,,,
ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/25351/title/guru-gobind-singh

अपने Android मोबाइल पर BhajanGanga App डाउनलोड करें और भजनों का आनंद ले |